WEST GATE TUNNEL

# ਵੈਸਟ ਗੇਟ ਬ੍ਰਿੱਜ ਲਈ ਤੁਹਾਡਾ ਵਿਕਲਪ



In partnership with:

Transurban

VICTORIA'S BIG BUILD

VICTORIA State Government

# ਵੈਸਟ ਗੇਟ ਸੁਰੰਗ ਦੀ ਇੱਕ ਝਲਕ

ਵੈਸਟ ਗੇਟ ਸੁਰੰਗ, ਵੈਸਟ ਗੇਟ ਬ੍ਰਿੱਜ ਦਾ ਇੱਕ ਮਹੱਤਵਪੂਰਣ ਵਿਕਲਪ ਪ੍ਰਦਾਨ ਕਰਦੀ ਹੈ, ਤੇਜ਼ ਅਤੇ ਸੁਰੱਖਿਅਤ ਯਾਤਰਾ, ਅਤੇ ਇਹ ਅੰਦਰੂਨੀ ਪੱਛਮ ਦੀਆਂ ਰਿਹਾਇਸ਼ੀ ਸੜਕਾਂ ਤੋਂ ਇੱਕ ਦਿਨ ਵਿੱਚ 9,000 ਤੋਂ ਵੱਧ ਟਰੱਕਾਂ ਨੂੰ ਹਟਾ ਦੇਵੇਗੀ।



## ਮੈਲਬੌਰਨ ਦੇ ਪੱਛਮ ਵਿੱਚੋਂ ਇਧਰ-ਓਧਰ ਜਾਣ ਦੇ ਹੋਰ ਤਰੀਕੇ

ਮੈਲਬੌਰਨ ਦੇ ਪੱਛਮ ਵਿੱਚੋਂ ਸ਼ਹਿਰ ਦੇ ਅੰਦਰ ਅਤੇ ਬਾਹਰ ਜਾਣ ਲਈ ਵੈਸਟ ਗੇਟ ਸੁਰੰਗ ਜਾਂ ਵੈਸਟ ਗੇਟ ਬ੍ਰਿੱਜ ਵਿਚਕਾਰ ਚੋਣ ਕਰੋ।



## ਵੈਸਟ ਗੇਟ ਫ੍ਰੀਵੇਅ 'ਤੇ ਹੋਰ ਲੇਨਾਂ

ਵੈਸਟ ਗੇਟ ਫ੍ਰੀਵੇਅ ਨੂੰ 8 ਤੋਂ 12 ਲੇਨਾਂ ਤੱਕ ਚੌੜਾ ਕਰ ਦਿੱਤਾ ਗਿਆ ਹੈ, ਜਿਸ ਵਿੱਚ M80 ਰਿੰਗ ਰੋਡ ਇੰਟਰਚੇਂਜ ਅਤੇ ਵੈਸਟ ਗੇਟ ਬ੍ਰਿੱਜ ਦੇ ਵਿਚਕਾਰ ਐਕਸਪ੍ਰੈਸ ਲੇਨਾਂ ਸ਼ਾਮਲ ਹਨ, ਜਿਸ ਨਾਲ ਲੇਨਾਂ ਬਦਲਣ ਅਤੇ ਚੱਲਦੀ ਆਵਾਜਾਈ ਵਿੱਚ ਰਲਣ ਵਿੱਚ ਕਮੀ ਆਈ ਹੈ ਜਿਸ ਨਾਲ ਆਵਾਜਾਈ ਵਿੱਚ ਭੀੜ ਹੁੰਦੀ ਸੀ।




## ਸੜਕ 'ਤੇ ਸੁਰੱਖਿਆ

ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚੱਲਦਾ ਰੱਖਣ ਅਤੇ ਘਟਨਾਵਾਂ ਦਾ ਜਲਦੀ ਅਤੇ ਸੁਰੱਖਿਅਤ ਢੰਗ ਨਾਲ ਪ੍ਰਬੰਧਨ ਅਤੇ ਨਿਪਟਾਰਾ ਕਰਨ ਲਈ ਸਮਾਰਟ ਤਕਨਾਲੋਜੀ ਕੈਮਰੇ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਵੈਸਟ ਗੇਟ ਸੁਰੰਗ ਵਿੱਚ ਆਵਾਜਾਈ ਦੀ ਸਥਿਤੀ ਦੀ ਨਿਗਰਾਨੀ ਕਰਨਗੇ।



## ਪੋਰਟ (ਬੰਦਰਗਾਹ), CBD ਅਤੇ ਡੌਕਲੈਂਡਜ਼ ਲਈ ਨਵੇਂ ਕਨੈਕਸ਼ਨ

ਵੈਸਟ ਗੇਟ ਸੁਰੰਗ, ਬੰਦਰਗਾਹ ਤੱਕ ਮਾਲ ਲਈ ਨਵੀਂ ਪਹੁੰਚ ਪੈਦਾ ਕਰੇਗੀ। ਇਹ ਸਿਟੀਲਿੰਕ, ਨੌਰਥ ਮੈਲਬੌਰਨ ਅਤੇ ਡੌਕਲੈਂਡਜ਼ ਨਾਲ ਵੀ ਜੁੜੇਗੀ।




## ਆਪਣੀ ਨਵੀਂ ਯਾਤਰਾ ਦੀ ਔਨਲਾਈਨ ਪੜਚੋਲ ਕਰੋ

ਵੈਸਟ ਗੇਟ ਸੁਰੰਗ ਦੀ ਵਰਤੋਂ ਕਰਕੇ ਏਧਰ-ਓਧਰ ਜਾਣ ਦੇ ਹੋਰ ਤਰੀਕਿਆਂ ਦੀ ਖੋਜ ਕਰੋ।


**westgatetunnelproject.vic.gov.au/drive**



## ਇੱਕ ਸੜਕ ਤੋਂ ਬਹੁਤ ਕੁਝ ਵੱਧ

ਹੇਠ ਲਿਖਿਆਂ ਰਾਹੀਂ ਆਨੰਦ ਲੈਣ ਅਤੇ ਪੱਛਮ ਦੇ ਦੁਆਲੇ ਘੁੰਮਣ ਦੇ ਹੋਰ ਤਰੀਕੇ:

- 14 ਕਿਲੋਮੀਟਰ ਦੇ ਨਵੇਂ ਅਤੇ ਸੁਧਾਰੇ ਪੈਦਲ ਚੱਲਣ ਅਤੇ ਸਾਈਕਲ ਚਲਾਉਣ ਦੇ ਰਸਤੇ
- ਲਗਭਗ 4 ਐਮ ਸੀ ਜੀ ਗਰਾਊਂਡਾਂ ਜਿੰਨੀ ਨਵੀਂ ਖੁੱਲ੍ਹੀ ਜਗ੍ਹਾ
- ਪੱਛਮ ਨੂੰ ਹਰਿਆ-ਭਰਿਆ ਬਣਾਉਣ ਲਈ ਹਜ਼ਾਰਾਂ ਰੁੱਖ, ਝਾੜੀਆਂ ਅਤੇ ਘਾਹ।




ਫੁੱਟਸਕ੍ਰੇਅ ਰੋਡ ਦੇ ਉੱਪਰ ਨਵਾਂ ਸਾਈਕਲਾਂ ਦਾ ਰਸਤਾ



ਸੁਧਾਰੀ ਹੋਈ ਫ਼ੈਡਰੇਸ਼ਨ ਟ੍ਰੇਲ, ਬਰੁਕਲਿਨ

## ਪੱਛਮ ਦੇ ਅਮੀਰ ਇਤਿਹਾਸ ਦਾ ਜਸ਼ਨ ਮਨਾਉਂਦਾ ਸ਼ਹਿਰੀ ਡਿਜ਼ਾਈਨ

ਵੈਸਟ ਗੇਟ ਸੁਰੰਗ ਵਿਸ਼ਵ ਪੱਧਰੀ ਭਵਨ ਕਲਾ, ਸ਼ਹਿਰੀ ਅਤੇ ਲੈਂਡਸਕੇਪ ਡਿਜ਼ਾਈਨ ਨਾਲ ਭਰਪੂਰ ਹੈ ਜੋ ਮੈਲਬੌਰਨ ਦੇ ਪੱਛਮ ਦੀ ਅਮੀਰ ਆਦਿਵਾਸੀ ਵਿਰਾਸਤ ਅਤੇ ਸਮੁੰਦਰੀ ਇਤਿਹਾਸ ਤੋਂ ਪ੍ਰੇਰਿਤ ਹੈ।



ਸੁਰੰਗ ਦੇ ਅੰਦਰ ਵੜ੍ਹਨ ਅਤੇ ਬਾਹਰ ਨਿਕਲਣ ਵਾਲੇ ਦਰਵਾਜ਼ਿਆਂ 'ਤੇ ਲੱਕੜ ਦੇ ਵਿਸ਼ੇਸ਼ ਜਾਲ



ਨਵੀਆਂ ਉੱਚ ਗੁਣਵੱਤਾ ਵਾਲੀਆਂ ਖੜ੍ਹਾਕ ਰੋਕਣ ਵਾਲੀਆਂ ਕੰਧਾਂ ਯੂ ਯੈਂਗਸ ਦੇ ਆਕਾਰ ਤੋਂ ਪ੍ਰੇਰਿਤ ਹਨ



ਮੈਰੀਬਾਈਨੌਂਗ ਨਦੀ ਦੇ ਪੁਲ 'ਤੇ ਬਾਹਰੀ ਪਰਤ ਮੱਛੀ ਅਤੇ ਈਲ ਦੀ ਚਮੜੀ ਤੋਂ ਪ੍ਰੇਰਿਤ ਹੈ



ਸਿਟੀਲਿੰਕ ਉਪਰ ਨਵੀਂ ਵੈਸਟ ਗੇਟ ਸੁਰੰਗ ਦੇ ਰੈਂਪ



ਜੀਲੌਂਗ/ਬੈਲਾਰਾਟ ਵੱਲ ਸ਼ਹਿਰੋਂ ਬਾਹਰ ਨੂੰ ਜਾਣ ਵਾਲੀ ਸੁਰੰਗ ਦਾ ਦ੍ਰਿਸ਼

# 3 ਸਧਾਰਨ ਕਦਮਾਂ ਨਾਲ ਆਪਣੀ ਯਾਤਰਾ ਲਈ ਤਿਆਰੀ ਕਰੋ

**1** ਵੈਸਟ ਗੇਟ ਸੁਰੰਗ ਜਾਂ ਵੈਸਟ ਗੇਟ ਬ੍ਰਿੱਜ ਦੀ ਚੋਣ ਕਰੋ

**2** ਫ੍ਰੀਵੇਅ ਨੈੱਟਵਰਕ ਵਿੱਚ ਦਾਖ਼ਲ ਹੋਣ ਅਤੇ ਬਾਹਰ ਨਿਕਲਣ ਲਈ ਆਪਣੇ ਨਵੇਂ ਵਿਕਲਪ ਚੁਣੋ

**3** ਤੇਜ਼ ਯਾਤਰਾਵਾਂ ਲਈ ਆਪਣੀਆਂ ਮੰਜ਼ਿਲਾਂ ਦੀ ਚੋਣ ਕਰੋ




# ਆਪਣੀ ਗੱਡੀ ਚਲਾਉਣ ਦੀ ਯੋਜਨਾ ਬਣਾਓ

## ਸ਼ਹਿਰ ਵੱਲ ਨੂੰ ਯਾਤਰਾ ਕਰਨਾ

ਤੁਹਾਨੂੰ M80 ਰਿੰਗ ਰੋਡ ਜਾਂ ਪ੍ਰਿੰਸਸ ਫ੍ਰੀਵੇਅ ਉਪਰ ਫ਼ੈਸਲਾ ਕਰਨ ਦੀ ਜ਼ਰੂਰਤ ਹੋਵੇਗੀ ਕਿ ਜੇ ਤੁਸੀਂ ਵੈਸਟ ਗੇਟ ਸੁਰੰਗ ਜਾਂ ਵੈਸਟ ਗੇਟ ਬ੍ਰਿੱਜ ਰਾਹੀਂ ਲੰਘਣਾ ਚਾਹੁੰਦੇ ਹੋ।

### ਵੈਸਟ ਗੇਟ ਸੁਰੰਗ

ਖੱਬੀਆਂ ਲੇਨਾਂ ਵਿੱਚ ਰਹੋ ਅਤੇ ਵੈਸਟ ਗੇਟ ਬ੍ਰਿੱਜ ਤੋਂ ਠੀਕ ਪਹਿਲਾਂ ਵਿਲੀਅਮਜ਼ਟਾਊਨ ਰੋਡ ਦੇ ਨੇੜਿਓਂ ਸੁਰੰਗ ਵਿੱਚ ਦਾਖ਼ਲ ਹੋਵੋ।

**ਆਪਣੀ ਬਾਹਰ ਨਿਕਲਣ ਦੀ ਚੋਣ ਕਰੋ**

ਇੱਕ ਵਾਰ ਜਦੋਂ ਤੁਸੀਂ ਸੁਰੰਗ ਵਿੱਚੋਂ ਬਾਹਰ ਨਿਕਲਦੇ ਹੋ ਤਾਂ ਤੁਹਾਨੂੰ ਆਪਣੀ ਸੜਕ 'ਤੇ ਬਾਹਰ ਨਿਕਲਣ ਦੀ ਚੋਣ ਕਰਨ ਦੀ ਲੋੜ ਪਵੇਗੀ। ਇਹਨਾਂ ਵਿੱਚੋਂ ਕਿਸੇ ਇੱਕ ਦੇ ਸੰਕੇਤਾਂ ਦੀ ਪਾਲਣਾ ਕਰੋ:

- ਸਿਟੀਲਿੰਕ
- ਵੈਸਟ ਮੈਲਬੌਰਨ ਵਿੱਚ ਡਾਇਨੋਨ ਰੋਡ
- ਡੌਕਲੈਂਡਜ਼ ਵਿੱਚ ਵੁਰੂੰਡਜੇਰੀ ਵੇਅ ਜਾਂ ਫੁੱਟਸਕ੍ਰੇਅ ਰੋਡ

**ਸਿਟੀਲਿੰਕ**

ਮੈਲਬੌਰਨ ਅਤੇ ਐਸੈਂਡਨ ਹਵਾਈ ਅੱਡਿਆਂ ਅਤੇ ਉੱਤਰੀ ਉਪਨਗਰਾਂ ਵੱਲ ਜਾਣ ਲਈ ਵੈਸਟ ਗੇਟ ਸੁਰੰਗ ਅਤੇ ਸਿਟੀਲਿੰਕ ਨੂੰ ਜੋੜਨ ਵਾਲਾ ਨਵਾਂ ਰੈਂਪ ਵਰਤੋ।

**ਡਾਇਨੋਨ ਰੋਡ**

ਮੈਲਬੌਰਨ ਯੂਨੀਵਰਸਿਟੀ, ਵੱਡੇ ਹਸਪਤਾਲਾਂ ਅਤੇ ਕੁਈਨ ਵਿਕਟੋਰੀਆ ਮਾਰਕੀਟ ਸਮੇਤ ਨੌਰਥ ਅਤੇ ਵੈਸਟ ਮੈਲਬੌਰਨ ਲਈ ਇੱਥੋਂ ਬਾਹਰ ਨਿਕਲੋ।

**ਫੁੱਟਸਕ੍ਰੇਅ ਰੋਡ**

ਡੌਕਲੈਂਡਜ਼ ਜਾਂ ਸ਼ਹਿਰ ਦੇ ਦੱਖਣੀ ਹਿੱਸੇ ਲਈ ਇੱਥੋਂ ਬਾਹਰ ਨਿਕਲੋ।

**ਵੁਰੰਡਜੇਰੀ ਵੇਅ**

ਮਾਰਵਲ ਸਟੇਡੀਅਮ, ਅਤੇ ਫਲਿੰਡਰਜ਼ ਸਟ੍ਰੀਟ ਅਤੇ ਸਦਰਨ ਕਰੌਸ ਸਟੇਸ਼ਨਾਂ ਲਈ ਇੱਥੋਂ ਬਾਹਰ ਨਿਕਲੋ।

### ਵੈਸਟ ਗੇਟ ਬ੍ਰਿੱਜ

ਸੱਜੀਆਂ ਲੇਨਾਂ ਵਿੱਚ ਰਹੋ ਅਤੇ ਵੈਸਟ ਗੇਟ ਬ੍ਰਿੱਜ 'ਤੇ ਐਕਸਪ੍ਰੈੱਸ ਯਾਤਰਾ ਕਰੋ। ਵੈਸਟ ਗੇਟ ਬ੍ਰਿੱਜ ਰਾਹੀਂ ਯਾਤਰਾ ਕਰਨਾ ਮੁਫ਼ਤ ਰਹੇਗਾ।

**ਆਪਣੀ ਮੰਜ਼ਿਲ ਚੁਣੋ**

- ਦੱਖਣ ਪੂਰਬੀ ਉਪਨਗਰਾਂ ਵੱਲ ਨੂੰ ਯਾਤਰਾ ਜਾਰੀ ਰੱਖੋ
- ਮੌਂਟੇਗ੍ਰੂ ਸਟ੍ਰੀਟ ਜਾਂ ਪਾਵਰ ਸਟ੍ਰੀਟ ਰਾਹੀਂ ਸ਼ਹਿਰ ਵੱਲ ਨੂੰ ਯਾਤਰਾ ਕਰੋ

**ਟੋਲ ਅਤੇ ਤੁਹਾਡੀ ਯਾਤਰਾ**

ਇੱਕ ਵਾਰ ਵੈਸਟ ਗੇਟ ਸੁਰੰਗ ਖੁੱਲ੍ਹਣ ਤੋਂ ਬਾਅਦ, ਤੁਹਾਡੇ ਕੋਲ ਟੋਲ ਜਾਂ ਗ਼ੈਰ-ਟੋਲ ਵਾਲੇ ਰਸਤੇ ਨੂੰ ਵਰਤਣ ਦੇ ਵਿਚਕਾਰ ਚੋਣ ਹੋਵੇਗੀ।
**transurban.com** 'ਤੇ ਜਾਓ

## ਬੈਲਾਰਾਟ ਅਤੇ ਜੀਲੌਂਗ ਵੱਲ ਜਾਣ ਵਾਲੀ ਯਾਤਰਾ

ਤੁਸੀਂ ਵੈਸਟ ਗੇਟ ਸੁਰੰਗ ਜਾਂ ਵੈਸਟ ਗੇਟ ਬ੍ਰਿੱਜ ਰਾਹੀਂ ਲੰਘ ਸਕਦੇ ਹੋ

### ਆਪਣੀ ਸ਼ੁਰੂਆਤੀ ਜਗ੍ਹਾ ਚੁਣਨਾ

**ਸਿਟੀਲਿੰਕ**

M4 ਵੈਸਟ ਗੇਟ ਸੁਰੰਗ ਲਈ ਸੰਕੇਤਾਂ ਦੀ ਪਾਲਣਾ ਕਰੋ ਅਤੇ ਸਿਟੀਲਿੰਕ ਤੋਂ ਸੁਰੰਗ ਵੱਲ ਬਾਹਰ ਨਿਕਲਣ ਲਈ ਰੈਂਪ ਨੂੰ ਵਰਤੋ। ਇਹ ਯਾਤਰਾ ਇੱਕ ਵਿਕਲਪ ਹੈ ਜੇ ਤੁਸੀਂ ਕੋਬਰਗ, ਫਲੈਮਿੰਗਟਨ ਜਾਂ ਅੰਦਰੂਨੀ ਉੱਤਰ-ਪੱਛਮ ਤੋਂ ਵੈਰੀਬੀ, ਜੀਲੌਂਗ ਜਾਂ ਸਰਫ ਕੋਸਟ ਵਰਗੀਆਂ ਥਾਵਾਂ ਦੀ ਯਾਤਰਾ ਕਰਨਾ ਚਾਹੁੰਦੇ ਹੋ।

**ਸਿਟੀ ਜਾਂ ਡੌਕਲੈਂਡਜ਼**

M4 ਵੈਸਟ ਗੇਟ ਸੁਰੰਗ ਲਈ ਸੰਕੇਤਾਂ ਦੀ ਪਾਲਣਾ ਕਰੋ ਜਦੋਂ ਡੌਕਲੈਂਡਜ਼ ਵਿੱਚ ਫੁੱਟਸਕ੍ਰੇਅ ਰੋਡ ਜਾਂ ਵੁਰੰਡਜੇਰੀ ਵੇਅ, ਜਾਂ ਨੌਰਥ ਮੈਲਬੌਰਨ ਵਿੱਚ ਡਾਇਨੋਨ ਰੋਡ ਵੱਲੋਂ ਆ ਕੇ ਪੱਛਮ ਵੱਲ ਯਾਤਰਾ ਕੀਤੀ ਜਾਂਦੀ ਹੈ।

**ਹਾਈਡ ਸਟ੍ਰੀਟ ਵੱਲੋਂ**

ਤੁਸੀਂ ਵੈਸਟ ਗੇਟ ਫ੍ਰੀਵੇਅ 'ਤੇ ਜਾਣ ਲਈ ਯਾਰਾਵਿੱਲ ਵਿਚ ਹਾਈਡ ਸਟ੍ਰੀਟ ਜਾਂ ਸਪੌਟਸਵੁੱਡ ਵਿਚ ਡਗਲਸ ਪਰੇਡ ਦੀ ਵਰਤੋਂ ਵੀ ਕਰ ਸਕਦੇ ਹੋ - M1 ਜੀਲੌਂਗ ਵਾਲੇ ਸੰਕੇਤਾਂ ਦੀ ਪਾਲਣਾ ਕਰੋ।

**ਦੱਖਣ-ਪੂਰਬੀ ਉਪਨਗਰਾਂ ਤੋਂ ਆ ਰਹੇ ਹੋ**

ਤੁਸੀਂ ਦੱਖਣ-ਪੂਰਬੀ ਉਪਨਗਰਾਂ ਤੋਂ ਵੈਸਟ ਗੇਟ ਬ੍ਰਿੱਜ ਰਾਹੀਂ ਜੀਲੌਂਗ ਅਤੇ ਬੈਲਾਰਾਟ ਵੱਲ ਯਾਤਰਾ ਕਰਨਾ ਜਾਰੀ ਰੱਖ ਸਕਦੇ ਹੋ।

### ਜੀਲੌਂਗ ਜਾਂ ਬੈਲਾਰਾਟ ਲਈ ਵੈਸਟ ਗੇਟ ਫ੍ਰੀਵੇਅ 'ਤੇ ਆਪਣੀਆਂ ਲੇਨਾਂ ਚੁਣੋ

**ਵੈਸਟ ਗੇਟ ਬ੍ਰਿੱਜ ਵੱਲੋਂ ਯਾਤਰਾ ਕਰਨਾ**

**ਆਪਣੀ ਲੇਨ ਨੂੰ ਜਲਦੀ ਚੁਣੋ**

ਇੱਕ ਵਾਰ ਜਦੋਂ ਤੁਸੀਂ ਪੁਲ ਉਪਰ ਪਹੁੰਚ ਜਾਂਦੇ ਹੋ, ਤਾਂ ਸੱਜੇ ਹੱਥ ਦੀਆਂ ਐਕਸਪ੍ਰੈਸ ਲੇਨਾਂ ਵਰਤੋ ਅਤੇ M1 ਜੀਲੌਂਗ ਜਾਂ M80 ਰਿੰਗ ਰੋਡ ਲਈ ਸੰਕੇਤਾਂ ਦੀ ਪਾਲਣਾ ਕਰੋ।

**ਇੱਕ ਵਾਰ ਜਦੋਂ ਤੁਸੀਂ ਮਿਲਰਜ਼ ਰੋਡ ਤੋਂ ਲੰਘ ਜਾਂਦੇ ਹੋ, ਤਾਂ ਤੁਹਾਨੂੰ ਇਨ੍ਹਾਂ ਵਿੱਚ ਰਹਿਣ ਦੀ ਲੋੜ ਪਵੇਗੀ:**

- M80 ਰਿੰਗ ਰੋਡ (ਬੈਲਾਰਾਟ-ਵੱਲ ਨੂੰ) ਤੱਕ ਪਹੁੰਚਣ ਲਈ ਖੱਬੀਆਂ ਲੇਨਾਂ
- ਪ੍ਰਿੰਸਸ ਫ੍ਰੀਵੇਅ ਲਈ ਸੱਜੀਆਂ ਲੇਨਾਂ (ਜੀਲੌਂਗ-ਵੱਲ ਨੂੰ)

**ਫ੍ਰੀਵੇਅ ਤੋਂ ਬਾਹਰ ਨਿਕਲਣਾ**

ਪੁਲ ਉਪਰ ਖੱਬੀਆਂ ਲੇਨਾਂ ਵਿੱਚ ਜਾਓ ਅਤੇ ਵਿਲੀਅਮਜ਼ਟਾਊਨ ਰੋਡ, ਮਿਲਰਜ਼ ਰੋਡ ਜਾਂ ਗ੍ਰੀਵ ਪਰੇਡ ਵਿਖੇ ਫ੍ਰੀਵੇਅ ਤੋਂ ਬਾਹਰ ਨਿਕਲਣ ਲਈ ਸੰਕੇਤਾਂ ਦੀ ਪਾਲਣਾ ਕਰੋ।

**ਵੈਸਟ ਗੇਟ ਸੁਰੰਗ ਵੱਲੋਂ ਯਾਤਰਾ ਕਰਨਾ**

**ਆਪਣੀ ਲੇਨ ਨੂੰ ਜਲਦੀ ਚੁਣੋ**

- M1 ਪ੍ਰਿੰਸਸ ਫ੍ਰੀਵੇਅ ਵੱਲ ਖੱਬੀਆਂ ਲੇਨਾਂ (ਜੀਲੌਂਗ)
- M80 ਰਿੰਗ ਰੋਡ ਵੱਲ ਸੱਜੀਆਂ ਲੇਨਾਂ (ਬੈਲਾਰਾਟ/ਬੈਂਡੀਗੋ)

# ਵਧੇਰੇ ਜਾਣਕਾਰੀ ਲਈ

ਭਾਂਵੇਂ ਤੁਸੀਂ ਗੱਡੀ ਚਲਾ ਰਹੇ ਹੋ, ਸਾਈਕਲ ਚਲਾ ਰਹੇ ਹੋ ਜਾਂ ਖੁੱਲ੍ਹੀਆਂ ਥਾਵਾਂ ਦਾ ਆਨੰਦ ਲੈ ਰਹੇ ਹੋ, ਵੈਸਟ ਗੇਟ ਸੁਰੰਗ ਬਾਰੇ ਹੋਰ ਜਾਣਨ ਲਈ ਅਤੇ ਤੁਸੀਂ ਇਸ ਦੀ ਵਰਤੋਂ ਕਿਵੇਂ ਕਰ ਸਕਦੇ ਹੋ। **westgatetunnelproject.vic.gov.au/drive** 'ਤੇ ਜਾਓ।

ਜਿਵੇਂ-ਜਿਵੇਂ ਨਵੀਆਂ ਚੀਜ਼ਾਂ ਹੁੰਦੀਆਂ ਹਨ, ਤਾਜ਼ਾ ਜਾਣਕਾਰੀਆਂ ਲੈਣ ਲਈ, ਫ਼ੇਸਬੁੱਕ, ਇੰਸਟਾਗ੍ਰਾਮ ਅਤੇ ਯੂ-ਟਿਊਬ 'ਤੇ ਸਾਨੂੰ ਫਾਲੋਅ ਕਰੋ।

ਯਾਰਾਵਿੱਲ ਵਿੱਚ ਸਮਰਵਿੱਲ ਰੋਡ ਅਤੇ ਵ੍ਹਾਈਟਹਾਲ ਸਟ੍ਰੀਟ ਦੀ ਨੁੱਕਰ 'ਤੇ ਸਾਡੇ ਸੂਚਨਾ ਕੇਂਦਰ ਵਿੱਚ ਜਾਓ, ਜਾਂ ਸਾਡੇ ਭਾਈਚਾਰਕ ਰੁਝੇਵਿਆਂ ਦੇ ਸਮਾਗਮਾਂ ਵਿੱਚੋਂ ਕਿਸੇ ਵਿੱਚ ਸਾਡੇ ਨਾਲ ਸੰਪਰਕ ਕਰੋ।



**westgatetunnelproject.vic.gov.au/drive**

info@wgta.vic.gov.au | 1800 105 105 (ਕਿਸੇ ਵੀ ਸਮੇਂ ਫ਼ੋਨ ਕਰੋ)

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਲਈ
ਕਿਰਪਾ ਕਰਕੇ 9209 0147 'ਤੇ ਫ਼ੋਨ ਕਰੋ

ਜੇ ਤੁਸੀਂ ਇਸ ਜਾਣਕਾਰੀ ਨੂੰ ਪਹੁੰਚਯੋਗ ਸਰੂਪ ਵਿੱਚ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਜੇ ਤੁਹਾਨੂੰ ਸੁਣਨ ਸ਼ਕਤੀ ਜਾਂ ਬੋਲਣ ਦੀ ਕਮਜ਼ੋਰੀ ਕਾਰਨ ਸਹਾਇਤਾ ਦੀ ਲੋੜ ਹੈ, ਤਾਂ **relayservice.gov.au** 'ਤੇ ਜਾਓ

1110 WGT